# ਝੀਲੇ Jheeley Lyrics in Punjabi Satinder Sartaaj

ਗਹਰੀਏ ਤੇ ਸ਼ਾਂਤ ਬੈਠੀ ਝੀਲੇ, ਨੀ ਦਸ ਕੇਹਰਾ ਰੋਗ ਲੱਗਿਆ
ਕਿਵੇਂ ਹੋ ਗਏ ਪਾਣੀ ਤੇਰੇ ਨੀਲੇ, ਨੀ ਦਸ ਕੀ ਵਿਯੋਗ ਲੱਗਿਆ
ਹੋ ਵੇਲਾ ਕੱਟ ਲੈ ਤੂੰ, ਕਿਸੇ ਵੀ ਵਸੀਲੇ
ਆ ਨੀ ਚੱਲੀ ਚੱਲ ਕਿਸੇ ਵੀ ਵਸੀਲੇ
ਕਿ ਏਦਾਂ ਨਹੀਓ ਦਿਲ ਛੱਡੀਦਾ
ਆਪੇ ਰੱਬ ਕਰੂ ਕੋਈ ਹੀਲੇ, ਕੇ ਉਹਨੂੰ ਨੀ ਦਿਲਾਂ ਚੋਂ ਕੱਢੀਦਾ

ਗਹਰੀਏ ਤੇ ਸ਼ਾਂਤ ਬੈਠੀ ਝੀਲੇ, ਨੀ ਦਸ ਕੇਹਰਾ ਰੋਗ ਲੱਗਿਆ
ਕਿਵੇਂ ਹੋ ਗਏ ਪਾਣੀ ਤੇਰੇ ਨੀਲੇ, ਨੀ ਦਸ ਕੀ ਵਿਯੋਗ ਲੱਗਿਆ
ਹੋ ਵੇਲਾ ਕੱਟ ਲੈ ਤੂੰ, ਕਿਸੇ ਵੀ ਵਸੀਲੇ
ਵੇਲਾ ਕੱਟ ਲੈ ਤੂੰ, ਕਿਸੇ ਵੀ ਵਸੀਲੇ
ਕਿ ਏਦਾਂ ਨਹੀਓ ਦਿਲ ਛੱਡੀਦਾ
ਆਪੇ ਰੱਬ ਕਰੂ ਕੋਈ ਹੀਲੇ, ਨੀ ਓਹਨੂ ਨੀ ਦਿਲਾਂ ਚੋਂ ਕੱਢੀਦਾ
ਗਹਰੀਏ ਤੇ ਸ਼ਾਂਤ ਬੈਠੀ ਝੀਲੇ, ਨੀ ਦਸ ਕੇਹਰਾ ਰੋਗ ਲੱਗਿਆ

ਹਾਲੇ ਜੋਬਨ ਨੇ ਸੱਜਰੇ ਸਜੀਲੇ, ਤੂੰ ਰੁੱਤਾ ਨੂ ਤਾ ਮਾਣ ਭੈੜੀਏ
ਏਵੈ ਲਾਈ ਜਾਵੇ ਗੀਤ ਦਰਦੀਲੇ, ਤੂੰ ਬੈਠੀ ਅਣਜਾਣ ਭੈੜੀਏ
ਹੋ ਤੇਰੇ ਕੰਡੇ ਬੈਠੇ ਰੁੱਖ ਹੋ ਗਏ ਪੀਲੇ
ਤੇਰੇ ਕੰਡੇ ਬੈਠੇ ਰੁੱਖ ਹੋ ਗਏ ਪੀਲੇ, ਤੂੰ ਇਹਨਾਂ ਬਾਰੇ ਸੋਚ ਕੁਜ ਤਾ
ਜੜ੍ਹੀਂ ਪਾਣੀ ਪੈ ਗਏ ਨਸ਼ੀਲੇ, ਤੂੰ ਇਹਨਾਂ ਦਾ ਇਲਾਜ ਬੁੱਝ ਤਾ
ਗਹਰੀਏ ਤੇ ਸ਼ਾਂਤ ਬੈਠੀ ਝੀਲੇ, ਨੀ ਦਸ ਕੇਹਰਾ ਰੋਗ ਲੱਗਿਆ

ਨੀ ਤੂੰ ਹੌਂਕੇ ਲਵੇ ਲੰਬੇ ਕਈ ਮੀਲੇ.....
ਨੀ ਤੂੰ ਹੌਂਕੇ ਲਵੇ ਲੰਬੇ ਕਈ ਮੀਲੇ

ਕੇ ਮੂੰਹੋਂ ਬੋਲ ਕੇ ਵੀ ਦਸ ਦੇ....
ਕਿਵੇਂ ਹੋ ਗਏ ਖ਼ੋਆਬ ਤੀਲੇ ਤੀਲੇ,
ਤੂੰ ਦਿਲ ਖੋਲ ਕੇ ਵੀ ਦਸ ਦੇ
ਤੇਰੀ ਚੁੱਪ ਦੇ ਹੁੰਗਾਰੇ ਬੇਦੀਲੇ
ਤੇਰੀ ਚੁੱਪ ਦੇ ਹੁੰਗਾਰੇ ਬੇਦੀਲੇ
ਕੇ ਅਸੀਂ ਦੱਸ ਕੀ ਬੁੱਝੀਏ
ਉਦਾਸੀਆਂ ਖਿਆਲ ਖਯਾਲ ਸਾਡੇ ਕੀਲੇ
ਕੇ ਅਸੀਂ ਦੱਸ ਕੀ ਬੁੱਝੀਏ
ਗਹਰੀਏ ਤੇ ਸ਼ਾਂਤ ਬੈਠੀ ਝੀਲੇ, ਨੀ ਦਸ ਕੇਹਰਾ ਰੋਗ ਲੱਗਿਆ

ਤੇਰੇ ਸੰਗ ਬੈਠੇ ਬੇਲੀ ਅਣਖੀਲੇ, ਤੂੰ ਏਵੈ ਦਿਲ ਹਾਰ ਬੈਠੀ ਏ..
ਬਸ ਲੋਚਦੇ ਨੇ ਬੋਲ ਦੋ ਰਸੀਲੇ, ਤੂੰ ਸ਼ਬਦ ਵਿਸਾਰ ਬੈਠੀ ਏ
ਕਾਹਤੋਂ ਵੱਸ ਗਈ ਏ ਗ਼ਮਾਂ ਦੇ ਕਬੀਲੇ
ਕਾਹਤੋਂ ਵੱਸ ਗਈ ਏ ਗ਼ਮਾਂ ਦੇ ਕਬੀਲੇ
ਕੇ ਓਥੇ ਹਰ ਕੋਈ ਝੱਲਾ ਏ
ਕੇ ਆਜਾ ਖੁਸ਼ੀ ਵਾਲੇ ਜਿਲ੍ਹੇ ਦੀ ਤਾਸੀਲੇ, ਕੇ ਓਥੇ ਹਾਸੇ ਦਾ ਮਹੱਲਾ ਏ
ਗਹਰੀਏ ਤੇ ਸ਼ਾਂਤ ਬੈਠੀ ਝੀਲੇ, ਨੀ ਦਸ ਕੇਹਰਾ ਰੋਗ ਲੱਗਿਆ

ਉੱਚੇ ਅੰਬਰਾਂ ਤੇ ਉਡ ਦੀਏ ਚੀਲੇ......
ਉੱਚੇ..... ਅੰਬਰਾਂ..... ਤੇ ਉਡ ਦੀਏ..... ਚੀਲੇ......
ਉੱਚੇ ਅੰਬਰਾਂ ਤੇ ਉਡ ਦੀਏ ਚੀਲੇ, ਨੀ ਤੂੰ ਹੀ ਸਮਝਾ ਦੇ ਝੀਲ ਨੂ....
ਸ਼ਾਇਦ ਤਾਹੀ ਹੋਣ ਪਾਣੀ ਚਮਕੀਲੇ, ਨੀ ਚੰਨ ਤੋਂ ਕਹਾਦੇ ਝੀਲ ਨੂ
ਨੀ ਕਿਵੇਂ ਖਾਰੀ ਹੋ ਗਈ ਮਿੱਠੀ ਏ ਛਬੀਲੇ, ਕੇ ਤੇਰੇ ਨਾਲ ਮਿਠਾਸ ਬਣਦੀ
ਸਰਤਾਜ ਹੋਰੀ ਇੰਨੇ ਨੀ ਸੁਰੀਲੇ, ਕੇ ਤੇਰੇ ਨਾਲ ਮਿਠਾਸ ਬਣਦੀ

ਗਹਰੀਏ ਤੇ ਸ਼ਾਂਤ ਬੈਠੀ ਝੀਲੇ, ਨੀ ਦਸ ਕੇਹਰਾ ਰੋਗ ਲੱਗਿਆ

ਕਿਵੇਂ ਹੋ ਗਏ ਪਾਣੀ ਤੇਰੇ ਨੀਲੇ, ਨੀ ਦਸ ਕੀ ਵਿਯੋਗ ਲੱਗਿਆ

ਹੋ ਨੀ ਤੂੰ ਚੱਲੀ ਚੱਲ ਕਿਸੇ ਵੀ ਵਸੀਲੇ

ਹੋ ਵੇਲੇ ਕੱਟ ਲੈ ਤੂੰ, ਕਿਸੇ ਵੀ ਵਸੀਲੇ

ਕਿ ਏਦਾਂ ਨਹੀਓ ਦਿਲ ਛੱਡੀਦਾ

ਆਪੇ ਰੱਬ ਕਰੂ ਕੋਈ ਹੀਲੇ, ਕੇ ਉਹਨੂੰ ਨੀ ਦਿਲਾਂ ਚੋਂ ਕੱਢੀ ਦਾ

ਆਪੇ ਰੱਬ ਕਰੂ ਕੋਈ ਹੀਲੇ, ਕੇ ਉਹਨੂੰ ਨੀ ਦਿਲਾਂ ਚੋਂ ਕੱਢੀ ਦਾ

ਆਪੇ ਰੱਬ ਕਰੂ ਕੋਈ ਹੀਲੇ, ਕੇ ਉਹਨੂੰ.... ਨੀ ਦਿਲਾਂ ਚੋਂ ਕੱਢੀ ਦਾ

**ਪੋਸਟ ਦੇਖਣ ਲਈ ਇੱਥੇ ਕਲਿੱਕ ਕਰੋ**